ਹੱਕ ਕਰਤਾ ਦੇ ਅਧੀਨ ਹਨ ।

ਵਾਧੂ ਸੰਤਾਨ ਦੇ ਦੁੱਖ ਤੋਂ ਬਚਣ ਲਈ

# ਗਰਭ ਰੋਕ


-: ਰਚਿਤ :-

**ਡਾਕਟਰ ਕਾਹਨ ਸਿੰਘ ਜੀ**

ਕਟੜਾ ਜੱਲੇ ਵਾਲੀਆਂ ਅੰਮ੍ਰਿਤਸਰ


ਕਰਤਾ

ਰਾਜ-ਰੋਗ ਦਰਸ਼ਨ, ਮੌਸਮੀ ਤਾਪ ਚਿਕਿਤਸਾ,
ਬਾਲ ਚਿਕਿਤਸਾ, ਤੇ ਸੰਤਾਨ-ਦਰਸ਼ਨ ਆਦਿ ।

DYAL SINGH LIBRARY LAHORE.


ਪ੍ਰਕਾਸ਼ਕ :-

**ਡੀ. ਐਸ. ਫਾਰਮੇਸੀ**

ਕਟੜਾ ਜੱਲੇ ਵਾਲੀਆਂ ਅੰਮ੍ਰਿਤਸਰ

ਅਕਤੂਬਰ ੧੯੩੪

ਪਹਿਲੀ ਵਾਰ ੧੦੦੦

੬੧੩
੨੮
21659
6-610

"ਨਿਊ ਆਹਲੂਵਾਲੀਆ ਪ੍ਰੈਸ" ਘੰਟਾ ਘਰ ਅੰਮ੍ਰਿਤਸਰ ਵਿਚ ਸ੍ਰ: ਅਰਜਨ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਹੇਠ ਛਪੀ।



## ਭੂਮਿਕਾ

ਮਨੁੱਖ-ਗਿਣਤੀ ਵਧਾਉਣੀ ਦੇਸ ਅਰ ਰਾਜੇ ਲਈ ਸਦਾ ਹੀ ਲਾਭਦਾਇਕ ਹੈ। ਪਰ ਜਿਸ ਮੁਲਕ ਵਿਚ ਕੰਗਾਲੀ ਡੇਰਾ ਲਾਈ ਬੈਠੀ ਹੋਵੇ, ਅਰ ਉਸ ਦੇ ਕੱਢਣ ਦਾ ਕੋਈ ਉਪਾ ਨਾ ਲੱਭੇ, ਅਤੇ ਜੋ ਉਪਾਉ ਕੀਤੇ ਭੀ ਜਾਣ ਉਹ ਭੀ ਲਾਹੇਵੰਦ ਨਾ ਹੋਣ, ਸਗੋਂ ਭੁਖ-ਨੰਗ ਵਧਾਉਣ ਵਿਚ ਹੀ ਸਹਾਈ ਹੋਣ; ਤਦ ਓਸ ਦੇਸ ਲਈ ਇਕੋਹੀ ਉਪਾਉ ਹੈ ਕਿ ਉਹ ਉੱਨਾ ਚਿਰ ਥੋੜੀ ਸੰਤਾਨ ਉਤਪਨ ਕਰਨ ਜਿੰਨਾ ਚਿਰ ਹਾਲ ਚੰਗੇ ਨਾ ਹੋ ਜਾਣ। ਸੰਤਾਨ ਦਾ ਘੱਟ ਪੈਦਾ ਕਰਨਾ, ਜਿਥੇ ਉਹ ਕੰਗਾਲੀ ਘਟਾਉਣ ਦਾ ਕਾਰਨ ਹੋਵੇਗਾ ਓਥੇ ਉਹ ਇਸਤ੍ਰੀ ਪੁਰਖ ਦੀ ਸਰੀਰਕ ਦੁਰਬਲਤਾ ਅਰ ਮੌਤਾਂ ਨੂੰ ਘਟ ਕਰਨ ਵਿਚ ਭੀ ਸਹੈਤਾ ਦੇਵੇਗਾ। ਭਾਰਤ ਵਿਚ ਲੋਕਾਂ ਪਾਸ ਸੰਤਾਨ ਨੂੰ ਪਾਲਣ ਪੋਸਣ, ਲਿਖਾਉਣ ਪੜ੍ਹਾਉਣ ਲਈ ਪੂਰੇ ਸਾਧਨ ਨਾ ਹੋਣ ਕਰ ਕੇ ਮੌਤ ਭੀ ਵਧੇਰੇ ਹੁੰਦੀ ਹੈ।

ਸੰਤਾਨ ਘਟ ਹੋਣ ਨਾਲ ਓਨ੍ਹਾਂ ਦੀ ਪ੍ਰਤਿਪਾਲਾ ਚੰਗੀ ਤਰ੍ਹਾਂ ਹੋ ਸਕੇਗੀ, ਅਰ ਜੋ ਬਾਲ, ਪਾਲਣ ਦੇ ਵਸੀਲੇ ਨਾ ਹੋਣ ਕਰ ਕੇ ਮਰ ਜਾਂਦੇ ਹਨ ਉਹ ਬਚ ਰਹਿਣਗੇ। ਉਹ ਨਾ ਨਿਰਬਲ ਤੇ ਨਾ ਹੀ ਰੋਗੀ ਹੋਣਗੇ।

ਲੜਕੇ ਅਰ ਲੜਕੀਆਂ ਨੂੰ ਵਿਆਹਿਆ ਜਾਣ ਥੀਂ ਪਹਿਲਾਂ ਉਨ੍ਹਾਂ ਸਰੀਰਕ ਅੰਗਾਂ ਨੂੰ, ਜਿਨ੍ਹਾਂ ਨਾਲ ਵਿਆਹਿਆ

ਜਾਣ ਤੇ ਵਾਹ ਪੈਣਾ ਹੈ, ਜਾਣ ਲੈਣਾ ਜ਼ਰੂਰੀ ਹੈ।

ਹਿੰਦੀ ਚਾਂਦ ਵਿਚ* ਸ੍ਰੀ ਕਿਰਪਾ ਨਾਥ ਜੀ 'ਮਿਸਰ' ਬੀ. ਏ. ਨੇ ਲਿਖਿਆ ਹੈ ਕਿ "ਦੰਪਤੀ ਭਾਵਾਂ ਦੀਆਂ ਸਾਰੀਆਂ ਬੇ-ਕਾਇਦਗੀਆਂ ਅਰ ਗੁਮਰਾਹੀਆਂ ਦਾ ਕਾਰਨ ਪਸ਼ੂ ਪ੍ਰਕ੍ਰਿਤੀ (ਹੈਵਾਨੀ ਤਾਕਤ) ਦਾ ਨਾਸ ਕਰਨਾ, ਅਰਥਾਤ ਬਹੁਤ ਵਰਤਨ ਦਾ ਨਤੀਜਾ ਹਨ। (ਜੋ ਪਸ਼ੂਆਂ ਨੂੰ ਦਿਤੀਆਂ ਨਹੀਂ ਗਈਆਂ) ਅਰ ਜੋ ਸਾਨੂੰ ਇਸ ਕਾਰਨ ਦਿਤੀਆਂ ਗਈਆਂ ਹਨ ਕਿ ਅਸੀਂ ਆਤਮਾ (ਰੂਹਾਨੀ) ਦੀ ਸੇਵਾ ਕਰ ਸਕੀਏ"।

" All sexual abnormalities and aberriations are the result of prostituting of the animal powers ( which animals do not possess ) and which are given to us for the service of the spiritual "

ਅਗੇ ਜਾ ਕੇ ਚਾਂਦ ਨਵੰਬਰ ੧੯੨੬ ਵਿਚ ਲਿਖਦੇ ਹਨ ਕਿ—

"ਬਾਲਕਾਂ ਨੂੰ ਜਵਾਨ ਹੋਣ ਥੀਂ ਪਹਿਲਾਂ ਚੰਗੀ ਤਰ੍ਹਾਂ ਦੰਪਤੀ-ਜੀਵਨ ਦਾ ਗਿਆਨ ਲੜਕੀ ਨੂੰ ਮਾਂ, ਅਰ ਲੜਕੇ ਨੂੰ, ਪਿਤਾ ਨੂੰ ਕਰਾ ਦੇਣਾ ਚਾਹੀਦਾ ਹੈ। ਇਹ ਸਾਡੇ ਪਰਿਵਾਰਿਕ ਜੀਵਨ ਤੇ ਇਕ ਲੱਜਤ ਕਰਨ ਵਾਲਾ ਕਲੰਕ ਹੈ ਕਿ ਇਹ ਕਦੀ ਭੀ ਨਹੀਂ ਕੀਤਾ ਜਾਂਦਾ। ਸਾਡੇ ਲੋਕਾਂ ਦੇ ਬਚੇ ਅਨਿਸ-ਚਿਤ ਵਿਚਾਰਾਂ (ਬੇ-ਠਿਕਾਣੇ ਖਿਆਲਾਂ) ਨੂੰ ਰਖਦੇ ਹੋਏ ਜੁਆਨ ਹੁੰਦੇ ਹਨ ਕਿ ਉਨ੍ਹਾਂ ਥੀਂ ਉਨ੍ਹਾਂ ਦੇ ਜੀਵਨ ਦੇ ਸਬੰਧ

---

*The " Forward " 28th September, 1926. Prebendary H.F.B. Mackey on " The Insistent Problems of sex."



ਦਾ ਇਕ ਭਿਆਨਕ (ਡਰੌਣਾ) ਭੇਦ (ਰਹਸਜ) ਛੁਪਾ ਲਿਆ ਗਿਆ ਹੈ।"

*" Children should be carefully taught the law of sex before they come to puberty; girls by their mothers & boys by their fathers. It is a shameful blot upon our family life that this is scarcely everdone. Children grow up with a Vague notion that there is an awful secret about themselves which is concealed from them. "

ਗਰਭ ਨੂੰ ਰੋਕਣ ਅਰ ਵਸ ਵਿਚ ਰਖਣ ਲਈ ਯੂਰਪ ਵਿਚ ਇਸ ਢੰਗ ਤੇ ਕਈ ਪੁਸਤਕਾਂ ਲਿਖੀਆਂ ਜਾ ਚੁਕੀਆਂ ਹਨ। ਹੁਣ ਭਾਰਤ ਵਿਚ ਭੀ ਇਸ ਦਾ ਚਰਚਾ ਹੈ। ਹਰ ਇਕ ਸੂਬੇ ਵਿਚ ਅੰਗ੍ਰੇਜ਼ੀ ਅਰ ਆਪਣੀ ਆਪਣੀ ਬੋਲੀ ਵਿਚ ਪੋਥੀਆਂ ਲਿਖੀਆਂ ਗਈਆਂ, ਅਰ ਲਿਖੀਆਂ ਜਾ ਰਹੀਆਂ ਹਨ, ਅਤੇ ਲੋਕ ਲਾਭ ਪ੍ਰਾਪਤ ਕਰ ਰਹੇ ਹਨ।

ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਹੀ ਅਜਿਹਾ ਸੂਬਾ ਹੈ ਕਿ ਜਿਥੇ ਬਾਹਰਲੀਆਂ ਬੋਲੀਆਂ ਘੁਸੇੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਅਰ ਫਿਰ ਇਸ ਤੇ ਮਾਨ ਕਰਦੇ ਹਨ। ਹੋਰਨਾਂ ਅੱਖਰਾਂ ਵਿਚ ਲਿਖਦੇ ਹੋਏ ਭੀ ਜੇ ਪੰਜਾਬੀ ਬੋਲੀ ਵਰਤਣ ਤਦ ਭੀ ਦੇਸ ਨੂੰ ਕੁਝ ਨਾਂ ਕੁਝ ਲਾਭ ਪਹੁੰਚੇ।

ਏਸ ਢੰਗ ਦੇ ਕਈ ਪੁਸਤਕਾਂ ਦੇ ਰਚਨ ਵਾਲਿਆਂ ਨੇ ਦੇਸੀ ਦਵਾਈਆਂ ਤੋਂ ਅਗਜਾਤ ਹੋਣ ਦੇ ਕਾਰਨ ਆਪਣੇ ਪੁਸ-

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.